ਆਰਬੀਆਈ/2006-07/ 214

ਡੀਬੀਓਡੀ ਨੰ. ਐਲਈਜੀ. ਬੀਸੀ 49/09-07-005/ 2006-07

18 ਦਸੰਬਰ 2006

27 1928 (ਸਾਕਾ)

ਸਾਰ ਅਨੁਸੂਚਿਤ ਵਣਜੀ ਬੈਂਕ

(ਖੇਤਰੀ ਪੇਂਡੂ ਬੈਂਕਾਂ ਨੂੰ ਛੱਡ ਕੇ)

ਸ੍ਰੀਮਾਨ,

**ਚੈਕ ਡ੍ਰਾਪ ਬਾਕਸ ਸੁਵਿਧਾ ਅਤੇ ਚੈਕਾਂ ਦੀ ਪ੍ਰਾਪਤ-ਸੂਚਨਾ ਦੀ ਸੁਵਿਧਾ**

ਕਿਰਪਾ ਕਰਕੇ 10 ਅਪ੍ਰੈਲ 2004 ਦਾ ਸਾਡਾ ਪਰਿਪੱਤਰ ਬੈਪਵਿਵਿ ਲੜੀ ਐਲਈਜੀ. ਬੀਸੀ. 74/09-07-005/2003-04 ਦੇਖੋ ਜਿਸ ਵਿਚ ਬੈਂਕਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਚੈਕ ਡ੍ਰਾਪ ਬਾਕਸ ਦੀ ਸੁਵਿਧਾ ਅਤੇ ਨਿਯਮਿਤ ਸੰਗ੍ਰਹਿ ਕਾਊਂਟਰਾਂ ਤੇ ਚੈਕ ਦੀ ਪ੍ਰਾਪਤ-ਸੂਚਨਾ ਦੀ ਸੁਵਿਧਾ, ਦੋਨਾਂ, ਗਾਹਕਾਂ ਨੂੰ ਉਪਲੱਬਧ ਹੋਣੀ ਚਾਹੀਦੀ ਹੈ ਅਤੇ ਗਾਹਕ ਦੁਆਰਾ ਕਾਊਂਟਰਾਂ ਤੇ ਚੈਕ ਪੇਸ਼ ਕੀਤੇ ਜਾਣ ਦੀ ਸਥਿਤੀ ਵਿਚ ਕੋਈ ਵੀ ਸ਼ਾਖਾ ਉਸ ਪ੍ਰਾਪਤ-ਸੂਚਨਾ ਦੇਣ ਤੋਂ ਨਾਂਹ ਨਹੀਂ ਕਰੇਗੀ।

2. ਭਾਰਤੀ ਰਿਜ਼ਰਵ ਬੈਂਕ / ਬੈਂਕਿੰਗ ਲੋਕਪਾਲਾ ਨੂੰ ਇਸ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਬਹੁਤ ਸਾਰੇ ਬੈਂਕ ਕਾਊਂਟਰਾਂ ਤੇ ਚੈਕ ਸਵੀਕਾਰ ਨਹੀਂ ਕਰ ਰਹੇ ਹਨ ਅਤੇ ਗਾਹਕਾਂ ਨੂੰ ਚੈਕ ਡ੍ਰਾਪ ਬਾਕਸ ਵਿਚ ਚੈਕ ਪਾਉਣ ਦੇ ਲਈ ਮਜ਼ਬੂਰ ਕਰ ਰਹੇ ਹਨ। ਅੰਤ : ਬੈਂਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਪਰਿਪੱਤਰ ਵਿਚ ਨਿਹਤ ਅਨੁਦੇਸ਼ਾਂ ਦਾ ਸਖਤਾਈ ਨਾਲ ਪਾਲਣ ਕਰਨ ਅਤੇ ਤਹਿ ਕਰਨ ਕਿ ਗਾਹਕਾਂ ਨੂੰ ਡ੍ਰਾਪ ਬਾਕਸ ਵਿਚ ਚੈਕ ਪਾਉਣ ਦੇ ਲਈ ਮਜ਼ਬੂਰ ਨਹੀਂ ਕੀਤਾ ਜਾਂਦਾ।

3. ਇਸ ਸਬੰਧ ਵਿਚ ਇਹ ਵੀ ਜ਼ਰੂਰੀ ਹੈ ਕਿ ਗਾਹਕ ਨੂੰ ਉਸ ਉਪਲੱਬਧ ਦੋਨਾਂ ਵਕਲਪਾਂ ਅਤੇ ਡ੍ਰਾਪ ਬਾਕਸ ਵਿਚ ਚੈਕ ਪਾਉਣ ਅਤੇ ਕਾਊਂਟਰ ਉਤੇ ਪੇਸ਼ ਕਰਨ, ਦੀ ਜਾਣਕਾਰੀ ਦਿੱਤੀ ਜਾਵੇ ਤਾਂ ਕਿ ਉਹ ਇਸ ਸਬੰਧ ਵਿਚ ਸੋਚ ਸਮਝ ਕੇ ਫੈਸਲਾ ਲੈ ਸਕਣ। ਅੰਤ : ਬੈਂਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਹੇਠ ਲਿਖੇ ਵਾਕ ਚੈਕ ਡ੍ਰਾਪ ਬਾਕਸ ਉਤੇ ਹੀ ਜ਼ਰੂਰੀ : ਪੇਸ਼ ਕਰਨ 'ਗਾਹਕ ਕਾਊਂਟਰ ਉਤੇ ਵੀ ਚੈਕ ਪੇਸ਼ ਕਰ ਸਕਦੇ ਹਨ ਅਤੇ ਜਮਾ ਪਰਚੀਆਂ ਨੂੰ ਪ੍ਰਾਪਤ-ਸੂਚਨਾ ਪਾ ਸਕਦੇ ਹਨ।' ਉਕਤ ਸੰਦੇਸ਼ ਅੰਗਰੇਜ਼ੀ, ਹਿੰਦੀ ਅਤੇ ਰਾਜ ਦੀ ਸਬੰਧਤ ਖੇਤਰੀ ਭਾਸ਼ਾ ਵਿਚ ਪੇਸ਼ ਕੀਤਾ ਜਾਵੇ।

4. ਕਿਰਪਾ ਕਰਕੇ ਪ੍ਰਾਪਤ ਸੂਚਨਾ ਦਿਉ।

ਹਿਤੂ

(ਪ੍ਰਸ਼ਾਂਤ ਸਰਨ)

ਪ੍ਰਭਾਰੀ ਮੁੱਖ ਮਹਾਂਪ੍ਰਬੰਧਕ